ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 2| Apr.-June 2026
ISSN: 2583-9446 (O)
Paper Id: ARMN040227
Available online at: www.armaan.org.in
DOI: https://doi.org/10.64119/armaan.vol4.issue2.27

# ਪ੍ਰੋ. ਪੂਰਨ ਸਿੰਘ ਦੀ ਕਵਿਤਾ ਵਿੱਚ ਪੰਜਾਬੀਅਤ ਦਾ ਸੰਕਲਪ

# Prof. Puran singh di Kavita vich Punjabiyat da sankalp

**ਅੰਮ੍ਰਿਤਪਾਲ ਸਿੰਘ (Amritpal singh)**
ਖੋਜਾਰਥੀ, ਪੰਜਾਬੀ ਤੇ ਡੋਗਰੀ ਵਿਭਾਗ (Research scholar, Dept. of Punjabi & Dogri)
ਹਿਮਾਚਲ ਪ੍ਰਦੇਸ਼ ਕੇਂਦਰੀ ਯੂਨੀਵਰਸਿਟੀ, ਧਰਮਸ਼ਾਲਾ (ਹਿਮਾਚਲ ਪ੍ਰਦੇਸ਼)-176215
Email ID: amritmander92@gmail.com

**ਸਾਰ (Abstract)**

*ਇਹ ਖੋਜ ਪੱਤਰ ਆਧੁਨਿਕ ਪੰਜਾਬੀ ਕਵਿਤਾ ਦੇ ਚਿੰਤਨਸ਼ੀਲ ਕਵੀ ਪ੍ਰੋ. ਪੂਰਨ ਸਿੰਘ ਦੀ ਰਚਨਾ ਵਿੱਚ ਨਿਹਿਤ 'ਪੰਜਾਬੀਅਤ' ਦੇ ਸੰਕਲਪ ਦਾ ਡੂੰਘਾਈ ਨਾਲ ਵਿਸ਼ਲੇਸ਼ਣ ਕਰਦਾ ਹੈ, ਜੋ ਕਿ ਕੇਵਲ ਇੱਕ ਭੂਗੋਲਿਕ ਜਾਂ ਸੱਭਿਆਚਾਰਕ ਪਛਾਣ ਤੱਕ ਸੀਮਤ ਨਾ ਰਹਿ ਕੇ ਪੰਜਾਬੀ ਲੋਕ-ਮਾਨਸ ਦੀਆਂ ਸਦੀਵੀ ਪਰਤਾਂ, ਇਤਿਹਾਸਕ ਚੇਤਨਾ ਅਤੇ ਜੀਵਨ-ਜਾਚ ਦਾ ਸੁਮੇਲ ਹੈ। ਇਸ ਅਧਿਐਨ ਰਾਹੀਂ ਇਹ ਸਿੱਧ ਕੀਤਾ ਗਿਆ ਹੈ ਕਿ ਪ੍ਰੋ. ਪੂਰਨ ਸਿੰਘ ਨੇ ਆਪਣੀ ਕਵਿਤਾ ਵਿੱਚ ਪੰਜਾਬੀਅਤ ਨੂੰ 'ਨਾਨਕਤਾ' ਦੇ ਮੂਲ ਸਿਧਾਂਤ- ਅਰਥਾਤ ਉਦਾਰਤਾ, ਸਮਾਨਤਾ ਅਤੇ ਸਰਬ-ਸਾਂਝੀਵਾਲਤਾ- ਨਾਲ ਜੋੜ ਕੇ ਇਸ ਨੂੰ ਇੱਕ ਵਿਸ਼ਾਲ ਦਾਰਸ਼ਨਿਕ ਆਯਾਮ ਪ੍ਰਦਾਨ ਕੀਤਾ ਹੈ, ਜਿੱਥੇ ਪੰਜਾਬ ਦੇ ਪ੍ਰਕਿਰਤਿਕ ਭੂ-ਖੰਡ, ਵਗਦੇ ਦਰਿਆਵਾਂ ਅਤੇ ਕਿਰਤੀ ਵਰਗ ਦੀ ਅਣਥੱਕ ਮਿਹਨਤ ਨੂੰ ਸਾਂਝੀ ਮਾਨਵੀ ਵਿਰਾਸਤ ਦੇ ਪ੍ਰਤੀਕਾਂ ਵਜੋਂ ਚਿਤਰਿਆ ਗਿਆ ਹੈ। ਕਵੀ ਨੇ ਪੰਜਾਬ ਦੇ ਇਤਿਹਾਸਕ ਸੰਘਰਸ਼, ਨਾਬਰੀ ਦੇ ਜਜ਼ਬੇ ਅਤੇ ਕੁਰਬਾਨੀ ਦੀ ਭਾਵਨਾ ਨੂੰ ਧਰਮ-ਨਿਰਪੱਖ ਪ੍ਰਸੰਗ ਵਿੱਚ ਪੇਸ਼ ਕਰਕੇ ਪੰਜਾਬੀਅਤ ਨੂੰ ਸੰਕੀਰਣ ਘੇਰਿਆਂ ਤੋਂ ਮੁਕਤ ਕੀਤਾ ਹੈ, ਜਿਸ ਨਾਲ ਇਹ ਸਪੱਸ਼ਟ ਹੁੰਦਾ ਹੈ ਕਿ ਪ੍ਰੋ. ਪੂਰਨ ਸਿੰਘ ਦਾ ਪੰਜਾਬੀਅਤ ਸੰਕਲਪ ਅੱਜ ਦੇ ਦੌਰ ਵਿੱਚ ਵੀ ਸਮਾਜਿਕ ਸਦਭਾਵਨਾ ਅਤੇ ਮਾਨਵੀ ਕਲਿਆਣ ਲਈ ਇੱਕ ਪ੍ਰੇਰਨਾਦਾਇਕ ਅਤੇ ਅਤਿ-ਸਾਰਥਕ ਜੀਵਨ-ਫਲਸਫਾ ਹੈ।*

***ਕੀਵਰਡ (Keyword):*** *ਪੰਜਾਬੀਅਤ, ਪੰਜਾਬੀ ਕਵਿਤਾ, ਕਿਰਤ, ਸੱਭਿਆਚਾਰ, ਧਰਮ-ਨਿਰਪੱਖਤਾ, ਨਾਬਰੀ, ਸਾਂਝੀਵਾਲਤਾ।*

'ਪੰਜਾਬੀ' ਸ਼ਬਦ ਦਾ ਨਿਰਮਾਣ 'ਪੰਜਾਬ' ਨਾਮਕ ਮੂਲ ਭੂਗੋਲਿਕ ਇਕਾਈ ਤੋਂ ਹੋਇਆ ਹੈ, ਜੋ ਕਿ ਇੱਕ ਨਿਸ਼ਚਿਤ ਭੂ-ਖੰਡ ਨੂੰ ਰਾਜਨੀਤਿਕ, ਸੱਭਿਆਚਾਰਕ ਅਤੇ ਇਤਿਹਾਸਕ ਪਰਿਪੇਖ ਵਿੱਚ ਪਰਿਭਾਸ਼ਿਤ ਕਰਦਾ ਹੈ। ਜਦੋਂ ਅਸੀਂ ਇਸ ਮੂਲ ਸ਼ਬਦ ਦੇ ਨਾਲ 'ਅਤ' ਪਿਛੇਤਰ ਜੋੜਦੇ ਹਾਂ, ਤਾਂ ਇਹ 'ਪੰਜਾਬੀਅਤ' ਦੇ ਰੂਪ ਵਿੱਚ ਇੱਕ ਅਜਿਹੇ ਵਿਆਪਕ ਭਾਵਵਾਚਕ ਸੰਕਲਪ ਨੂੰ ਜਨਮ ਦਿੰਦਾ ਹੈ, ਜੋ ਕੇਵਲ ਭੂਗੋਲਿਕ ਸੀਮਾਵਾਂ ਤੱਕ ਹੀ ਸੀਮਤ ਨਹੀਂ ਰਹਿੰਦਾ। ਪੰਜਾਬੀਅਤ ਅਸਲ ਵਿੱਚ ਉਸ ਸਮੁੱਚੀ ਪਛਾਣ ਦਾ ਨਾਮ ਹੈ, ਜਿਸ ਵਿੱਚ ਪੰਜਾਬ ਦੀ ਧਰਤੀ ਦੇ ਉਹ ਨਿਖੜਵੇਂ ਅਤੇ ਵਿਸ਼ੇਸ਼ਣੀ ਤੱਤ ਸਮਾਏ ਹੋਏ ਹਨ, ਜੋ ਇਸ ਨੂੰ ਵਿਸ਼ਵ ਦੇ ਹੋਰ ਮਨੁੱਖੀ ਸੱਭਿਆਚਾਰਾਂ ਦੇ ਸਮੂਹ ਵਿੱਚ ਇੱਕ ਨਿਵੇਕਲੀ ਅਤੇ ਵਿਲੱਖਣ ਪਛਾਣ ਪ੍ਰਦਾਨ ਕਰਦੇ ਹਨ।

ਪੰਜ ਦਰਿਆਵਾਂ ਦੀ ਇਸ ਪਵਿੱਤਰ ਧਰਤੀ ਦਾ ਸੱਭਿਆਚਾਰ ਆਪਣੀ ਸੱਚੀ-ਸੁੱਚੀ ਜੀਵਨ-ਜਾਚ, ਜਿਉਂਦੀ-ਜਾਗਦੀ ਮਾਨਸਿਕਤਾ ਅਤੇ ਅਨੇਕਤਾ ਵਿੱਚ ਏਕਤਾ ਵਾਲੇ ਨਿਆਰੇਪਣ ਕਾਰਨ ਇੱਕ ਵਿਸ਼ੇਸ਼ ਮਾਨਵੀ ਸ਼ਨਾਖਤ ਦਾ ਧਾਰਨੀ ਹੈ; ਅਤੇ ਇਸੇ ਸੰਪੂਰਨ ਸੱਭਿਆਚਾਰਕ ਚੇਤਨਾ ਨੂੰ 'ਪੰਜਾਬੀਅਤ' ਕਿਹਾ ਜਾਂਦਾ ਹੈ। ਜੇਕਰ ਸ਼ਬਦਾਵਲੀ ਦੇ ਇਤਿਹਾਸਕ ਵਿਕਾਸ ਦੀ ਗੱਲ ਕਰੀਏ, ਤਾਂ 'ਪੰਜਾਬੀਅਤ' ਇੱਕ ਆਧੁਨਿਕ ਸ਼ਬਦ ਹੈ। ਭਾਵੇਂ ਕਿ ਇਹ ਭਾਵਨਾ ਪੰਜਾਬ ਦੇ ਲੋਕਾਂ ਦੇ ਚਿੱਤ-ਚੇਤਿਆਂ ਵਿੱਚ ਸਦੀਆਂ ਤੋਂ ਵਸੀ ਹੋਈ ਹੈ, ਪਰੰਤੂ ਇੱਕ ਸੰਕਲਪੀ ਸ਼ਬਦ ਵਜੋਂ ਇਸ ਦਾ ਉਦਭਵ ਅਤੇ ਪ੍ਰਚਲਣ 20ਵੀਂ ਸਦੀ ਦੀ ਹੀ ਦੇਣ ਹੈ। *ਪੰਜਾਬੀਅਤ ਸ਼ਬਦ ਪ੍ਰਮਾਣਿਕ ਤੌਰ ਤੇ ਪ੍ਰਿ. ਤੇਜਾ ਸਿੰਘ ਦੀ ਕਿਤਾਬ ਪੰਜਾਬੀ ਕਿਵੇਂ ਲਿਖੀਏ (1953) ਵਿੱਚ ਵਰਤਿਆ ਗਿਆ ਮਿਲਦਾ ਹੈ।* [1]

ਪੰਜਾਬੀਅਤ ਸ਼ਬਦ ਦਾ ਮੂਲ ਸ਼ਬਦ 'ਪੰਜਾਬ' ਹੈ ਜੋ ਕਿ ਪੰਜਾਬ ਪ੍ਰਦੇਸ਼ ਨੂੰ ਦਰਸਾਉਂਦਾ ਹੈ। ਪੰਜਾਬੀਅਤ ਵਿਚਲਾ ਦੂਜਾ ਸ਼ਬਦ 'ਪੰਜਾਬੀ' ਹੈ, ਜਿਸ ਨਾਲ 'ਅਤ' ਪਿਛੇਤਰ ਲੱਗਿਆ ਹੋਇਆ ਹੈ। 'ਪੰਜਾਬੀ' ਸ਼ਬਦ ਆਮ ਤੌਰ ਤੇ ਦੋ ਪ੍ਰਸੰਗਾਂ ਵਿੱਚ ਵਰਤਿਆ ਜਾਂਦਾ ਹੈ। ਪਹਿਲਾ ਪੰਜਾਬ ਦੇ ਰਹਿਣ ਵਾਲੇ ਲੋਕਾਂ ਲਈ, ਦੂਜਾ ਪੰਜਾਬ ਦੇ ਵਿੱਚ ਬੋਲੀ ਜਾਂਦੀ ਭਾਸ਼ਾ ਦੇ ਲਈ। 'ਪੰਜਾਬੀ' ਸ਼ਬਦ ਵਿਚ 'ਪੰਜਾਬ' ਮੂਲ ਸ਼ਬਦ ਵਜੋਂ ਸ਼ਾਮਿਲ ਹੈ, ਜੋ ਕਿ ਪੰਜਾਬ ਨੂੰ ਭੂਗੋਲਿਕ, ਰਾਜਨਿਤਿਕ, ਸੱਭਿਆਚਾਰਕ ਇਕਾਈ ਵਜੋਂ ਪ੍ਰਦਰਸ਼ਿਤ ਕਰਦਾ ਹੈ। ਇਸ ਪ੍ਰਕਾਰ ਪੰਜਾਬੀ ਸ਼ਬਦ ਪੰਜਾਬ ਪ੍ਰਦੇਸ਼, ਪੰਜਾਬੀ ਲੋਕ ਅਤੇ ਪੰਜਾਬੀ ਭਾਸ਼ਾ ਨੂੰ ਇਕਾਈ ਵਜੋਂ ਵਿਅਕਤ ਕਰਨ ਵਾਲਾ ਸੰਕਲਪ ਹੈ। ਡਾ. ਦਵੇਸ਼ਵਰ ਪੰਜਾਬੀਅਤ ਦੇ ਸ਼ਬਦੀ ਅਰਥ ਕਰਦਾ ਹੋਇਆ ਲਿਖਦਾ ਹੈ-

> *"ਪੰਜਾਬ ਪੰਜ (ਗਿਣਤੀਮੂਲਕ ਅੰਕ) ਅਤੇ ਆਬ (ਪਾਣੀ ਤੇ ਵਡੇਰੇ ਅਰਥਾਂ ਵਿਚ ਦਰਿਆਵਾਂ ਦਾ ਪ੍ਰਤੀਕ) ਤੋਂ ਬਣਿਆ ਸਮਾਸ ਹੈ ਜਿਹੜਾ ਇਕ ਵਿਸ਼ੇਸ਼ ਭੂਗੋਲਿਕ ਖਿੱਤੇ ਦਾ ਸੂਚਕ ਹੈ। ਪੰਜਾਬ ਤੋਂ 'ਈ' ਪਿਛੇਤਰ ਲਗਾ ਕੇ ਇਹ ਖ਼ਾਸ ਨਾਂਵ ਵਾਚਕ ਸ਼ਬਦ 'ਪੰਜਾਬੀ' ਵਿਸ਼ੇਸ਼ਣ ਬਣਿਆ ਹੈ, ਜੋ ਪੰਜਾਬੀ ਸਭਿਆਚਾਰਕ ਸਮੂਹ ਅਤੇ ਪੰਜਾਬੀ ਭਾਸ਼ਾ ਦੀ ਸ਼ਨਾਖਤ ਦਾ ਸੂਚਕ ਹੈ।*

©ਅਰਮਾਨ (ARMAAN) Received: 10 May 2026 Accepted: 31 May 2026 Published: 05 June 2026

*ਪੰਜਾਬੀਅਤ ਇਕ ਭਾਵਵਾਚਕ ਨਾਂਵ ਹੈ, ਜਿਹੜਾ ਪੰਜਾਬੀ ਸ਼ਬਦ ਦੇ ਪਿੱਛੇ 'ਅਤ' ਪਿਛੇਤਰ ਲਗਾ ਕੇ ਬਣਾਇਆ ਗਿਆ ਹੈ। ਪੰਜਾਬੀਅਤ ਦੇ ਸਰਲ ਅਰਥਾਂ ਵਿਚ ਪੰਜਾਬ ਦੇ ਭੂਗੋਲਿਕ ਖਿੱਤੇ ਦੀ ਸਮੁੱਚੀ ਸਨਾਖਤ ਦੇ ਉਹ ਸਾਰੇ ਨਿਖੜਵੇਂ ਵਿਸ਼ੇਸ਼ਣੀ ਤੱਤ ਲੱਛਣ ਮੌਜੂਦ ਹਨ ਜੋ ਇਸ ਨੂੰ ਮਨੁੱਖੀ ਸਭਿਆਚਾਰ ਦੇ ਸਮੂਹ ਵਿਚ ਇਕ ਨਿਵੇਕਲੀ ਪਛਾਣ ਬਖਸ਼ਦੇ ਹਨ। ਪੰਜ ਦਰਿਆਵਾਂ ਦੀ ਧਰਤੀ ਦੇ ਇਸ ਸਭਿਆਚਾਰ ਦੀ ਸੱਚੀ ਸੁਚੀ, ਜਿਉਂਦੀ ਅਤੇ ਵੰਨਸੁਵੰਨੇ ਨਿਆਰੇਪਣ ਵਾਲੀ ਮਾਨਵੀ ਸ਼ਨਾਖਤ ਹੀ ਪੰਜਾਬੀਅਤ ਹੈ।"* [2]

ਪੰਜਾਬੀ ਸ਼ਬਦ ਦੇ ਨਾਲ 'ਅਤ' ਪਿਛੇਤਰ ਦਾ ਵਾਧਾ ਇਸ ਦੇ ਸਰੂਪ ਨੂੰ ਮੂਲੋਂ ਹੀ ਬਦਲ ਦਿੰਦਾ ਹੈ। ਪਹਿਲਾਂ ਪਹਿਲ ਪੰਜਾਬੀਅਤ ਸ਼ਬਦ ਦੀ ਵਰਤੋਂ ਪੰਜਾਬੀ ਸੱਭਿਆਚਾਰ ਦੇ ਸਮਾਨ ਅਰਥਾਂ ਵਿੱਚ ਹੀ ਕੀਤੀ ਜਾਂਦੀ ਰਹੀ ਹੈ। ਅਜੋਕੇ ਸਮੇਂ 'ਪੰਜਾਬੀਅਤ' ਚਿੰਤਨ ਦੇ ਸੰਕਲਪੀ ਸ਼ਬਦ ਵਜੋਂ ਵਿਚਾਰਿਆ ਗਿਆ ਹੈ। ਪੰਜਾਬੀਅਤ ਇੱਕ ਕੌਮੀਅਤ ਦੇ ਸੰਕਲਪ ਵਜੋਂ ਵਰਤਿਆ ਜਾਂਦਾ ਹੈ। ਕੌਮੀਅਤ ਵਿੱਚ ਉਹ ਲੋਕ ਸ਼ਾਮਿਲ ਹਨ, ਜੋ ਸਦੀਆਂ ਤੋਂ ਪੰਜਾਬ ਦੀ ਧਰਤੀ ਦੇ ਬਸ਼ਿੰਦੇ ਹਨ। ਜਿਸ ਪੰਜਾਬ ਦਾ ਭੂਗੋਲ ਸਿੰਧ ਨਦੀ ਤੋਂ ਲੈ ਕੇ ਜਮਨਾ ਨਦੀ ਤੱਕ ਦੇ ਵਿਸ਼ਾਲ ਭੂ-ਖੰਡ ਉੱਪਰ ਫ਼ੈਲਿਆ ਹੋਇਆ ਹੈ। ਇਸ ਖੇਤਰ ਦਾ ਸੰਸਕ੍ਰਿਤਿਕ ਪਿਛੋਕੜ ਸਿੰਧ ਘਾਟੀ ਦੀ ਸੱਭਿਅਤਾ ਜਿੰਨਾ ਪੁਰਾਣਾ ਹੈ। ਸਿੰਧ ਤੋਂ ਜਮੁਨਾ ਤੱਕ ਦਾ ਇਹ ਇਲਾਕਾ ਬਹੁ-ਭਾਸ਼ਾਈ, ਬਹੁਤ-ਧਰਮੀ ਅਤੇ ਬਹੁ-ਸੱਭਿਆਚਾਰ ਦੀਆਂ ਪਛਾਣਾਂ ਨਾਲ ਸੰਬੰਧਿਤ ਹੈ। ਪੰਜਾਬੀਅਤ ਇਹਨਾਂ ਪਛਾਣਾਂ ਵਿਚਲੇ ਇਕ ਅਜਿਹੇ ਸਾਂਝੇ ਸੂਤਰ ਦਾ ਨਾਂ ਹੈ, ਜੋ ਇਥੋਂ ਦੇ ਵਸਨੀਕਾਂ ਨੂੰ ਇੱਕ ਇਕਾਈ ਵਜੋਂ ਪੇਸ਼ ਕਰਦਾ ਹੈ। ਪੰਜਾਬੀਅਤ ਕਿਸੇ ਖ਼ਾਸ ਧਰਮ, ਜਾਤ ਅਤੇ ਸੰਸਕ੍ਰਿਤੀ ਦਾ ਸਰੂਪ ਨਾ ਹੋ ਕੇ ਭਿੰਨ-ਭਿੰਨ ਉਪ ਪਛਾਣਾਂ (ਧਾਰਮਿਕ, ਸਮਾਜਿਕ, ਆਰਥਿਕ, ਰਾਜਨਿਤਕ ਅਤੇ ਸੱਭਿਆਚਾਰਕ) ਦੀ ਏਕਤਾ ਦਾ ਸੂਤਰ ਹੈ। ਇਸ ਗੱਲ ਨੂੰ ਇਹ ਹਵਾਲੇ ਨਾਲ ਸਮਝਿਆ ਜਾ ਸਕਦਾ ਹੈ –

*ਪੰਜਾਬੀਅਤ ਦਾ ਤਸੱਵਰ ਪੰਜਾਬੀ ਚੇਤਨਾ ਵਿੱਚ ਅਨੇਕਤਾ ਰਾਹੀਂ ਏਕਤਾ ਦਾ ਸੰਕਲਪ ਅਰਥਾਤ ਪੰਜਾਬੀਅਤ ਵੱਖੋ ਵੱਖਰੇ ਤੱਤਾਂ (ਸਿੱਖ, ਹਿੰਦੂ, ਮੁਸਲਿਮ) ਦੀ ਭਿੰਨਤਾ ਦਾ ਇੱਕ ਮੇਲ ਰੂਪ ਹੈ। ਇੱਕ ਸਮਨਵੈ ਹੈ। ਦੂਸਰੇ ਸ਼ਬਦਾਂ ਵਿੱਚ ਪੰਜਾਬੀਅਤ ਇੱਕ ਅਜਿਹਾ ਸੰਕਲਪ ਨਹੀਂ, ਜੋ ਪਰਾ ਸਿੱਖ, ਪਰਾ ਹਿੰਦੂ ਜਾਂ ਪਰਾ ਮੁਸਲਿਮ ਹੈ। ਆਪਣੇ ਭਿੰਨ-ਭਿੰਨ ਤੱਤਾਂ ਦੀ ਸ਼ਕਤੀ ਨਾਲ ਹੀ ਪੰਜਾਬੀਅਤ ਦਾ ਸੰਕਲਪ ਸਾਕਾਰ ਹੁੰਦਾ ਹੈ।* [3]

ਇਸੇ ਸੰਦਰਭ ਵਿੱਚ ਡਾ. ਕਰਨਜੀਤ ਸਿੰਘ ਹੋਰਾਂ ਦਾ ਇੱਕ ਹਵਾਲਾ ਵੀ ਵੇਖਣਾ ਬਣਦਾ ਹੈ -

*ਸਿਧਾਂਤ ਦੀ ਦ੍ਰਿਸ਼ਟੀ ਤੋਂ ਪੰਜਾਬੀਅਤ ਦਾ ਧਰਮ ਨਾਲ ਕੋਈ ਸੰਬੰਧ ਨਹੀਂ। ਪੰਜਾਬੀ ਸਿੱਖ ਹੋ ਸਕਦਾ ਹੈ। ਕੋਈ ਹਿੰਦੂ ਹੋ ਸਕਦਾ ਹੈ। ਮੁਸਲਮਾਨ ਹੋ ਸਕਦਾ ਹੈ। ਇਸਾਈ ਵੀ ਹੋ ਸਕਦਾ ਹੈ। .......ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ, ਪੰਜਾਬੀ ਸੱਭਿਆਚਾਰ ਤੇ ਰਹਿਤਲ ਅਤੇ ਪੰਜਾਬ ਦੀ ਧਰਤੀ ਨਾਲ ਮੋਹ ਦੇ ਰਿਸ਼ਤੇ ਦਾ ਨਾਂ ਪੰਜਾਬੀਅਤ ਹੈ।* [4]

ਪੰਜਾਬੀਅਤ ਅਜਿਹੇ ਸਾਂਝੇ ਸੰਕਲਪ ਦਾ ਨਾਂ ਹੈ ਜੋ ਕਿ ਪੰਜਾਬ ਦੇ ਬਸ਼ਿੰਦਿਆਂ ਦੀ ਸਮੂਹਿਕ ਮਾਨਸਿਕਤਾ ਨੂੰ ਇੱਕ ਇਕਾਈ ਵਜੋਂ ਪ੍ਰਦਸ਼ਿਤ ਕਰਦਾ ਹੈ, ਭਾਵੇਂ ਸੰਕਲਪ ਦੇ ਤੌਰ ਤੇ *ਪੰਜਾਬੀਅਤ* ਸ਼ਬਦ ਦੀ ਪਹਿਲੀ ਵਰਤੋਂ ਪ੍ਰਿੰ. ਤੇਜਾ ਸਿੰਘ ਦੀ ਕਿਤਾਬ *'ਪੰਜਾਬੀ ਕਿਵੇਂ ਲਿਖੀਏ' (1953)* ਵਿਚ ਹੋਈ ਮਿਲਦੀ ਹੈ, ਪਰ ਅਮਲੀ ਤੌਰ ਤੇ ਪੰਜਾਬੀਅਤ ਦਾ ਸੰਕਲਪ ਪੰਜਾਬੀ ਲੋਕਾਂ ਦੇ ਚਿੱਤ ਚੇਤਿਆਂ ਵਿੱਚ ਸਦੀਆਂ ਤੋਂ ਰਮਿਆ ਹੋਇਆ ਹੈ। ਪੰਜਾਬੀਅਤ ਦਾ ਸੰਕਲਪ ਅੱਜ ਦੇ ਸਮੇਂ ਇੱਕ ਚਿੰਤਨੀ ਪ੍ਰਸੰਗ ਵਿੱਚ ਵਿਚਾਰਿਆ ਜਾ ਰਿਹਾ ਹੈ ਜੋ ਕਿ ਪੰਜਾਬੀਅਤ ਸੰਕਲਪ ਦਾ ਇਕ ਨਵਾਂ ਪਾਸਾਰ ਹੈ। ਇਸ ਸੰਕਲਪ ਦੇ ਅਧੀਨ ਪੰਜਾਬ ਦੇ ਇਤਿਹਾਸ ਵਿੱਚ ਪੰਜਾਬੀਅਤ ਦੇ ਪਦ ਚਿੰਨ੍ਹ ਲੱਭਣ ਦੇ ਯਤਨਾਂ ਦੇ ਨਾਲ-ਨਾਲ, ਅਜੋਕੇ ਸਾਹਿਤ ਵਿੱਚ ਇਸ ਦੇ ਵਿਭਿੰਨ ਪਸਾਰਾਂ ਦੀ ਚਰਚਾ ਤੁਰਦੀ ਨਜ਼ਰ ਆਉਂਦੀ ਹੈ। ਇਸ ਖੋਜ ਪੱਤਰ ਦਾ ਉਦੇਸ਼ ਪੰਜਾਬੀਅਤ ਦੇ ਪ੍ਰਸੰਗ ਵਿੱਚ ਪ੍ਰੋ. ਪੂਰਨ ਸਿੰਘ ਦੀ ਕਵਿਤਾ ਦਾ ਅਧਿਐਨ ਕਰਨਾ ਹੈ।

ਨਿਰਸੰਦੇਹ ਪ੍ਰੋ. ਪੂਰਨ ਸਿੰਘ ਆਧੁਨਿਕ ਪੰਜਾਬੀ ਕਵਿਤਾ ਦਾ ਪ੍ਰਮੁੱਖ ਚਿੰਤਨਸ਼ੀਲ ਕਵੀ ਹੈ। ਪ੍ਰੋ. ਪੂਰਨ ਸਿੰਘ ਦੀ ਕਵਿਤਾ ਪੰਜਾਬੀਆਂ ਪੰਜਾਬੀਅਤ ਨੂੰ ਪਰਿਭਾਸ਼ਤ ਕਰਨ ਵਾਲੀ ਪ੍ਰਮੁੱਖ ਕਵਿਤਾ ਹੈ। ਪ੍ਰੋ. ਪੂਰਨ ਸਿੰਘ ਦੀ ਕਵਿਤਾ ਵਿਚਲੀ ਪੰਜਾਬੀਅਤ ਉਹ ਪੰਜਾਬ ਦੀ ਮਾਨਸਿਕਤਾ ਦਾ ਅਕਸ ਹੈ ਜਿੱਥੇ ਅਨੇਕਤਾ ਵਿੱਚ ਏਕਤਾ ਦੀ ਸੰਸਕ੍ਰਿਤੀ ਸਦੀਆਂ ਤੋਂ ਪਲਦੀ ਰਹੀ ਹੈ। ਜਿਸ ਦਾ ਸਮੂਹਿਕ ਚੇਤਾ (ਸੁਰਤਿ) ਬ੍ਰਹਮੰਡੀ ਚੇਤਨਾ ਦੇ ਪ੍ਰਸੰਗ ਵਿੱਚ ਜੀਵਨ ਨੂੰ ਸਮਝਦਾ ਹੈ। ਇਹ ਪੰਜਾਬ ਨਾਨਕਤਾ ਦੇ ਤੱਤ ਨਾਲ ਲਬਰੇਜ ਭੂ-ਖੰਡ ਹੈ। ਇਹ ਨਾਨਕਤਾ ਵਿਚਲੀ ਉਦਾਰਤਾ ਨੂੰ ਸਾਕਾਰ ਕਰਨ ਵਾਲਾ ਭੂਗੋਲਿਕ ਖਿੱਤਾ ਹੈ। ਪੰਜਾਬੀਅਤ ਹੀਰ ਰਾਂਝੇ ਵਰਗੀ ਪਿਆਰ ਭਾਵਨਾ ਨਾਲ ਰੰਗੀ ਹੋਈ ਭਾਵਨਾ ਦਾ ਨਾਂ ਹੈ। ਇਸ ਪੰਜਾਬੀਅਤ ਦਾ ਭੂਗੋਲ ਖ਼ਾਸਾ ਕੁਦਰਤੀ ਸੁੰਦਰਤਾ ਦੀ ਨਵੇਕਲੀ ਨੁਹਾਰ ਨਾਲ ਜੁੜ ਜਾਂਦਾ ਹੈ। ਪ੍ਰੋ. ਪੂਰਨ ਸਿੰਘ ਦੀ ਕਵਿਤਾ ਇਹਨਾਂ ਨੁਕਤਿਆਂ ਨੂੰ ਪੰਜਾਬ ਪੰਜਾਬੀਅਤ ਦੇ ਪ੍ਰਸੰਗ ਵਿੱਚ ਚਿਤਵਦੀ ਹੈ। ਪੰਜਾਬ ਦੀ ਪ੍ਰਕਿਰਤਿਕ ਅਮੀਰੀ (ਵਿਸ਼ਾਲ ਮੈਦਾਨ, ਪਰਬਤ, ਦਰਿਆ, ਬਹੁਭਾਂਤਾ ਜਲਵਾਯੂ ਆਦਿ) ਨੂੰ ਪ੍ਰੋ. ਪੂਰਨ ਸਿੰਘ ਦੀ ਕਵਿਤਾ ਥਾਂ-ਥਾਂ ਉੱਪਰ ਪੇਸ਼ ਕਰਦੀ ਹੈ। ਉਸ ਦੀ ਕਵਿਤਾ ਵਿੱਚ ਪੰਜਾਬ ਦੇ ਦਰਿਆ ਜੋ ਕਿ ਪੰਜਾਬ ਦੀ ਭੂਗੋਲਿਕ ਖੂਬਸੂਰਤੀ ਦੇ ਨਾਲ ਨਾਲ ਇੱਥੋਂ ਦੀ ਆਰਥਿਕਤਾ ਦਾ ਪ੍ਰਮੁੱਖ ਪਹਿਲੂ ਵੀ ਹਨ, ਦਾ ਜ਼ਿਕਰ ਵੀ ਵੇਖਿਆ ਜਾ ਸਕਦਾ ਹੈ -

*ਰਾਵੀ ਸੋਹਣੀ ਪਈ ਵਗਦੀ*
*ਮੈਨੂੰ ਸਤਲੁਜ ਪਿਆਰਾ ਹੈ*
*ਮੈਨੂੰ ਬਿਆਸ ਪਈ ਖਿੱਚਦੀ*
*ਮੈਨੂੰ ਝਨਾਂ ਵਾਜਾਂ ਮਾਰਦੀ*
*ਮੈਨੂੰ ਜੇਹਲਮ ਪਿਆਰ ਦੀ*
*ਅਟਕ ਦੀ ਲਹਿਰਾਂ ਦੀ ਠਾਠ, ਮੇਰੇ ਬੂਹੇ ਤੇ ਵੱਜਦੀ*
*ਖਾੜ-ਖਾੜ ਚੱਲਣ ਵਿੱਚ ਮੇਰੇ ਸੁਪਨਿਆਂ*
*ਪੰਜਾਬ ਦੇ ਦਰਿਆ*
*ਪਿਆਰ, ਅੱਗ ਇਹਨਾਂ ਨੂੰ ਲੱਗੀ ਹੋਈ*
*ਪਿਆਰਾ ਜਪੁ ਸਾਹਿਬ ਗਾਉਂਦੇ*
*ਠੰਡੇ ਤੇ ਠਾਰਦੇ, ਪਿਆਰਦੇ* [5]

ਜਿੱਥੇ ਪੰਜਾਬ ਕੁਦਰਤੀ ਨੇਮਤਾਂ ਨਾਲ ਨਵਾਜਿਆ ਹੋਇਆ ਹੈ ਉੱਥੇ ਹੀ ਇੱਥੇ ਸ਼ਬਦ ਸੱਭਿਆਚਾਰ ਇਸਦਾ ਅਭਿੰਨ ਅੰਗ ਰਿਹਾ ਹੈ। ਪੂਰਨ ਸਿੰਘ ਦੀ ਕਵਿਤਾ ਪੰਜਾਬੀਅਤ ਦੇ ਇਸ ਸਾਹਿਤਕ ਵਿਰਸੇ ਦੀ ਗੱਲ ਵੀ ਕਰਦਾ ਹੈ। ਅਨੰਦਪੁਰ ਸਾਹਿਬ ਅਤੇ ਪਾਉਂਟਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਨੇ ਜਿਸ ਵਿੱਦਿਆ

ਦਰਬਾਰ ਦੀ ਰਚਨਾ ਕੀਤੀ ਸੀ। ਉਸ ਦਾ ਉਦੇਸ਼ ਲੋਕਾਈ ਨੂੰ ਵਿਚਾਰ/ਸ਼ਬਦ/ਚਿੰਤਨ ਨਾਲ ਜੋੜਨਾ ਸੀ। ਜਿਸਦੀ ਸ਼ੁਰੂਆਤ ਗੁਰੂ ਨਾਨਕ ਦੇਵ ਨੇ ਸੰਬਾਦ ਸੱਭਿਆਚਾਰ ਦੇ ਰੂਪ ਵਿੱਚ ਕੀਤੀ ਸੀ। ਵਿੱਦਿਆ ਦਰਬਾਰ ਅਜਿਹਾ ਸੰਗਠਿਤ ਆਦਾਰਾ ਸੀ, ਜਿਸ ਵਿੱਚ ਸਿਰਫ਼ ਦੇਸ਼ ਦੇ ਨਹੀਂ ਦੁਨੀਆਂ ਭਰ ਦੇ ਵਿਦਵਾਨ ਸ਼ਾਮਿਲ ਸਨ। ਇਸ ਕਵੀ ਨੇ ਦਰਬਾਰ ਪੰਜਾਬੀਅਤ ਦੇ ਚਿੰਤਨ/ਮੰਥਨ ਸੱਭਿਆਚਾਰ ਨੂੰ ਪ੍ਰਫੁੱਲਤ ਕੀਤਾ। ਪ੍ਰੋ. ਪੂਰਨ ਸਿੰਘ ਇਸ ਪ੍ਰਯਤਨ ਦੀ ਉਸਤਿਤ ਕਰਦਾ ਹੋਇਆ ਲਿਖਦਾ ਹੈ –

*ਅਨੰਦਪੁਰੇ ਵਿੱਚ ਬਾਬੇ ਬਾਜਾਂ ਵਾਲੇ ਦਾ ਦਰਬਾਰ ਦਿਸਦਾ,*
*ਦਿਲ ਦੀ ਟੋਹ ਨੂੰ,*
*ਉਹ ਰੌਣਕ ਇਲਾਹੀ ਮੇਰੇ ਦਿਲ ਦੀ ਕੰਗਿਰੀ 'ਤੇ ਵੱਜੀ ਹੈ,*
*ਦਿਲ ਮੇਰਾ ਚਮਕ ਉੱਠਿਆ;*
*ਅਨੰਦਪੁਰੇ ਪ੍ਰੀਤਮ ਪਿਆਰਾ ਮਿੱਤਰ ਕਵੀਆਂ ਦੀ ਰਚਨਾ ਨੂੰ ਸੁਣ ਰਿਹਾ* [6]

ਪੰਜਾਬੀਅਤ ਦਾ ਸੰਕਲਪ ਪੰਜਾਬ ਦੀ ਭੂਗੋਲਿਕ ਨਿਸ਼ਾਨਦੇਹੀ ਤੋਂ ਬਿਨਾਂ ਅਧੂਰਾ ਹੈ। ਪ੍ਰੋ. ਪੂਰਨ ਸਿੰਘ ਦੀ ਕਵਿਤਾ ਥਾਂ-ਥਾਂ ਇਸ ਦੀ ਗੱਲ ਕਰਦੀ ਨਜ਼ਰ ਆਉਂਦੀ ਹੈ। ਪ੍ਰੋ. ਪੂਰਨ ਸਿੰਘ ਦੀ ਕਵਿਤਾ ਵਿੱਚ ਜਿੱਥੇ ਪੰਜਾਬ ਦੇ ਪ੍ਰਕਿਰਤਿਕ ਅਮੀਰੀ, ਇੱਥੇ ਵਗਦੇ ਦਰਿਆ, ਖੁਸ਼ਹਾਲ ਖੇਤੀ, ਉੱਚੇ ਹਿਮਾਲਾ ਪਰਬਤ ਆਦਿ ਦਾ ਜ਼ਿਕਰ ਆਉਂਦਾ ਹੈ। ਉੱਥੇ ਹੀ ਪੰਜਾਬ ਦੇ ਕਿਰਤੀ ਵਰਗ ਦਾ ਵੀ ਜ਼ਿਕਰ ਮਿਲਦਾ ਹੈ। ਪ੍ਰੋ. ਪੂਰਨ ਸਿੰਘ ਦੀ ਕਵਿਤਾ ਦੇ ਕੇਂਦਰ ਵਿੱਚ ਪੰਜਾਬ ਦੇ ਕਿਰਤੀ ਲੋਕ ਵਾਰ-ਵਾਰ ਕਿਸਾਨ, ਮਜ਼ਦੂਰ, ਘੁਮਿਹਾਰ ਦੇ ਰੂਪ ਵਿੱਚ ਆਉਂਦੇ ਹਨ। ਹੱਡ ਤੋੜਵੀਂ ਮਿਹਨਤ ਦਾ ਜਜ਼ਬਾ ਵੀ ਪੰਜਾਬੀਅਤ ਤਾਂ ਇੱਕ ਪ੍ਰਮੁੱਖ ਚਿੰਨ੍ਹ ਹੈ। ਇਸ ਕਿਰਤ ਦੇ ਬਲਬੂਤੇ ਹੀ ਇੱਥੋਂ ਦੇ ਲੋਕਾਂ ਨੇ ਆਪਣੇ ਆਪ ਨੂੰ ਆਰਥਿਕ ਤੌਰ ਤੇ ਬਲਵਾਨ ਕੀਤਾ। ਜਿਸਦੇ ਸਿੱਟੇ ਵਜੋਂ ਸੰਸਾਰ ਭਰ ਦੇ ਸ਼ਾਸਕ ਆ ਕੇ ਇਹਨਾਂ ਦੀ ਲੁੱਟ ਕਰਦੇ ਰਹੇ। ਪ੍ਰੋ. ਪੂਰਨ ਸਿੰਘ ਦੀ ਕਵਿਤਾ ਇਹਨਾਂ ਕਾਰਨਾਂ ਕਰਕੇ ਹੀ ਪੰਜਾਬ ਵਿੱਚ ਜੰਮਣ ਵਾਲੇ ਲੋਕਾਂ ਨੂੰ ਵਡਭਾਗਾ ਮੰਨਦੀ ਹੋਈ ਜ਼ਿਕਰ ਕਰਦੀ ਹੈ –

*ਪੰਜਾਬ ਵਿੱਚ ਜੰਮਣਾ ਅਮੁੱਲ ਚੀਜ਼ ਹੈ*
*ਇੱਥੇ ਕਲਗੀਆਂ ਵਾਲੇ ਦੇ ਤੀਰ ਸ਼ਬਦ ਚਮਕਦੇ*
*ਇੱਥੇ ਨਿਰਾਲੀ ਨਦਰਾਂ ਦਾ ਉਹ ਪ੍ਰਕਾਸ਼ ਹੈ*
*ਨਦਰਾਂ ਦਸਦੀਆਂ ਨੈਣਾਂ ਵਿੱਚ ਖੂਬ ਖੁੱਭ ਕੇ*
*ਸੁੱਖ ਕੀ, ਜੀਵਨ ਕੀ*
*ਸ੍ਵੈਤੰਤਰਤਾ ਕੀ ਹੈ* [7]

ਨਾਬਰੀ ਅਤੇ ਪਿਆਰ ਪੰਜਬੀਅਤ ਦੇ ਦੋ ਹੋਰ ਮਹੱਤਵਪੂਰਨ ਚਿੰਨ੍ਹ ਹਨ, ਜੋ ਇਸ ਨੂੰ ਵਿਲੱਖਣ ਨੁਹਾਰ ਦਿੰਦੇ ਹਨ। *ਪੰਜਾਬ ਵਿੱਚ ਜੰਮਿਆਂ ਨੂੰ ਨਿੱਤ ਮੁਹਿੰਮਾਂ* ਇੱਕ ਕਹਾਵਤ ਪੰਜਾਬ ਦੇ ਚਿੱਤ ਚੇਤਿਆਂ ਵਿੱਚ ਇਬਾਰਤ ਵਸੀ ਹੋਈ ਹੈ। ਪੰਜਾਬ ਦੀ ਧਰਤੀ ਹਮੇਸ਼ਾ ਹੀ ਜੰਗਾਂ ਯੁੱਧਾਂ ਦਾ ਕੇਂਦਰ ਬਣੀ ਰਹੀ ਹੈ। ਇਹੀ ਕਾਰਨ ਹੈ ਕਿ ਇਥੋਂ ਦੇ ਲੋਕਾਂ ਦੇ ਅਵਚੇਤਨ ਵਿੱਚ ਨਿਡਰਤਾ ਘਰ ਕਰ ਗਈ। ਪੰਜਾਬੀਅਤ ਕੁਰਬਾਨੀ, ਪਿਆਰ ਅਤੇ ਨਿਡਰਤਾ ਦੇ ਤੱਤਾਂ ਨੂੰ ਵੀ ਆਪਣੇ ਆਪ ਵਿੱਚ ਆਤਮਸਾਤ ਕਰਨ ਵਾਲਾ ਸੰਕਲਪ ਹੈ। ਇਸ ਸੰਬੰਧ ਵਿੱਚ ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਲਿਖਦੇ ਹਨ -

*ਇਹ ਧਰਤੀ ਇਤਿਹਾਸ, ਬਲੀਦਾਨਾਂ, ਸ਼ਹੀਦੀਆਂ ਅਤੇ ਕੁਰਬਾਨੀਆਂ ਦੀਆਂ ਗੌਰਮਈ ਗਾਥਾਵਾਂ ਨਾਲ ਭਰਿਆ ਪਿਆ ਹੈ। ਸੰਤ, ਸੂਰਮਾ ਤੇ ਸ਼ਹੀਦ ਪੰਜਾਬੀ ਮਨ 'ਚ ਵਸੇ ਵੱਖ-ਵੱਖ ਭਾਵ ਨਹੀਂ ਸਗੋਂ ਇਹ ਇੱਕ ਰੂਪੀ ਜਜ਼ਬੇ ਵਿੱਚ ਇਸਦੇ ਖ਼ੂਨ ਦਾ ਸਾਂਝਾ ਤਸੀਰੀ ਗੁਣ ਹੈ। ਪੰਜਾਬੀ ਮਾਨਸਿਕਤਾ ਵਿੱਚ ਇਹ ਗੁਣ ਇੱਕ ਸਰਵੋਤਮ ਤੇ ਅਪਣਾਉਣ ਯੋਗ ਮੁੱਲ ਵਜੋਂ ਪ੍ਰਵਾਨ ਹੈ।* [8]

ਨਿਡਰਤਾ, ਬਲੀਦਾਨ, ਕੁਰਬਾਨੀ ਪੰਜਾਬੀਅਤ ਦੀ ਅੱਡਰੀ ਖੂਬੀ ਹੈ। ਜੋ ਪੰਜਾਬੀਅਤ ਨੂੰ ਵਿਸ਼ੇਸ਼ ਅਕਸ ਪ੍ਰਦਾਨ ਕਰਦੇ ਹਨ। ਇਹ ਪੰਜਾਬੀਅਤ ਦੀ ਮਾਨਸਿਕਤਾ ਦਾ ਵਿਲੱਖਣ ਅੰਸ਼ ਹੈ। ਪ੍ਰੋ. ਪੂਰਨ ਸਿੰਘ ਦੀ ਕਵਿਤਾ ਇਸ ਜਜ਼ਬੇ ਨੂੰ ਚਿਤਰਦੀ ਹੋਈ ਆਖਦੀ ਹੈ –

*ਇਹ ਬੇਪਰਵਾਹ ਪੰਜਾਬ ਦੇ*
*ਮੌਤ ਨੂੰ ਮਖੌਲਾਂ ਕਰਨ*
*ਮਰਨ ਥੀਂ ਨਹੀਂ ਡਰਦੇ*
*ਪਿਆਰ ਨਾਲ ਇਹ ਕਰਨ ਗ਼ੁਲਾਮੀ*
*ਪਰ ਟੈਂ ਨਾ ਮੰਨਣ ਕਿਸੇ ਦੀ*
*ਖਲੋ ਜਾਣ ਡਾਂਗਾਂ ਮੋਢੇ ਤੇ ਉਲਾਰਦੇ*
*ਮੰਨਣ ਬਸ ਇੱਕ ਆਪਣੀ ਜਵਾਨੀ ਦੇ ਜ਼ੋਰ ਨੂੰ*
*ਅੱਖੜ ਖਾਂਦੇ, ਅਲਬੇਲੇ, ਧੁਰ ਥੀਂ ਸਤਗੁਰਾਂ ਦੇ*
*ਆਜ਼ਾਦ ਕੀਤੇ ਇਹ ਬੰਦੇ* [9]

ਪ੍ਰੋ. ਪੂਰਨ ਸਿੰਘ ਦੀ ਉਕਤ ਕਵਿਤਾ ਪੰਜਾਬੀਅਤ ਦੇ ਉਹਨਾਂ ਗੁਣਾਂ ਦੀ ਗੱਲ ਕਰਦੀ ਹੈ, ਜੋ ਕਿਸੇ ਦੀ ਅਧੀਨਗੀ ਨਹੀਂ ਸਵੀਕਾਰਦੇ, ਸਗੋਂ ਉਸਦਾ ਮੁਕਾਬਲਾ ਕਰਨ ਲਈ ਹਰ ਵੇਲੇ ਤਿਆਰ ਰਹਿੰਦੇ ਹਨ। ਪ੍ਰੋ. ਪੂਰਨ ਸਿੰਘ ਅਜਿਹੀ ਦੀ ਭਾਵਨਾ ਦਾ ਪ੍ਰੇਰਨਾ ਦਾ ਸਰੋਤ ਗੁਰੂਆਂ ਦੀ ਸਿੱਖਿਆਵਾਂ ਨੂੰ ਮੰਨਦਾ ਹੈ। ਇਸੇ ਹੀ ਭਾਵਨਾ ਵਿੱਚੋਂ ਪ੍ਰੋ. ਪੂਰਨ ਸਿੰਘ *ਪੰਜਾਬ ਜੀਂਦਾ ਗੁਰਾਂ ਦੇ ਨਾਮ 'ਤੇ* ਦੀ ਗੱਲ ਵੀ ਕਰਦਾ ਹੈ। ਇਸ ਦਾ ਭਾਵ ਖ਼ਾਸ ਧਾਰਮਿਕ ਰੰਗਣ ਤੋਂ ਨਹੀਂ ਹੈ, ਸਗੋਂ ਗੁਰੂਆਂ ਦੁਆਰਾ ਦਿੱਤੀ ਸਿੱਖਿਆ ਦੇ ਪ੍ਰਭਾਵ ਜਾਂ ਸਾਰਥਿਕਤਾ ਦੇ ਗੁਣਾਂ ਦਾ ਪ੍ਰਗਟਾਅ ਤੋਂ ਹੈ। ਪ੍ਰੋ. ਪੂਰਨ ਸਿੰਘ ਦੀ ਕਵਿਤਾ ਪੰਜਾਬੀਅਤ ਨੂੰ ਧਰਮ ਨਿਰਪੱਖਤਾ ਦੀ ਦ੍ਰਿਸ਼ਟੀਕੋਣ ਤੋਂ ਵੇਖਦੀ ਹੋਈ ਆਖਦੀ ਹੈ –

*ਪੰਜਾਬ ਨਾ ਹਿੰਦੂ*
*ਨਾ ਮੁਸਲਮਾਨ*
*ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਮ 'ਤੇ*
*ਜਵਾਨ ਖੁੱਲੇ ਖੋਲੋ ਪਿਆਰਿਆ*
*ਆਜ਼ਾਦੀ ਦੇ ਪਿਆਰ ਵਿੱਚ*
*ਦੁਨੀਆਂ ਥੀ ਵਿਹਲੇ*
*ਇਹ ਦੀਨ ਥੀ ਵੀ ਵਿਹਲੇ* [10]

ਇਹ ਪੰਕਤੀਆਂ ਪੰਜਾਬੀਅਤ ਵਿਚਲੀ ਧਰਮ ਨਿਰਪੱਖਤਾ ਦੀ ਧੁਨੀ ਦੀ ਨਿਸ਼ਾਨਦੇਹੀ ਹੈ। *"ਇਹਨਾਂ ਪੰਕਤੀਆਂ ਵਿੱਚ ਉਸ ਸੰਦੇਸ਼ ਦੀ ਧੁਨੀ ਗੂੰਜਦੀ ਪ੍ਰਤੀਤ ਹੁੰਦੀ ਹੈ ਜਿਹੜਾ ਗੁਰੂ ਨਾਨਕ ਦੇਵ ਜੀ ਨੇ ਵੇਈ ਨਦੀ ਵਿੱਚ ਟੁੱਬੀ ਲਾਉਣ ਤੋਂ ਮਗਰੋਂ ਨਾ ਕੋਈ ਹਿੰਦੂ ਨਾ ਮੁਸਲਮਾਨ ਆਖ ਕੇ ਦਿੱਤਾ ਸੀ। ਇਸ ਸੁਨੇਹੇ ਵਿੱਚੋਂ ਸਰਬ ਵਿਆਪਕ ਮਾਨਵੀ ਕਲਿਆਣ ਦੀ ਚਿੰਤਾ ਤੇ ਚਿੰਤਨ ਦੀ ਝਲਕ ਪ੍ਰਤੱਖ ਹੁੰਦੀ ਹੈ। ਇਹ ਪੰਜਾਬੀਅਤ ਦੀ ਆਤਮਾ ਦੀ ਪੁਕਾਰ ਹੈ। ਇਹੋ ਪੰਜਾਬੀਅਤ ਦੀ ਸਭ ਤੋਂ*

*ਵੱਡੀ ਪਛਾਣ ਹੈ।"* [11]

ਪ੍ਰੋ. ਪੂਰਨ ਸਿੰਘ ਦੀ ਕਵਿਤਾ ਵੀ ਪੰਜਾਬੀਅਤ ਨੂੰ ਧਰਮ ਵਿਸ਼ੇਸ਼ ਦੀ ਪਛਾਣ ਵਜੋਂ ਪਰਿਭਾਸ਼ਿਤ ਨਹੀਂ ਕਰਦੀ, ਇਹ ਪੰਜਾਬੀਅਤ ਦੇ ਧਰਮ ਨਿਰਪੱਖਤਾ ਦੇ ਗੁਣਾਂ ਦੀ ਧਾਰਨੀ ਹੈ। ਪ੍ਰੋ. ਪੂਰਨ ਸਿੰਘ ਦੀ ਕਵਿਤਾ ਪੰਜਾਬੀਅਤ ਦੇ ਉਹਨਾਂ ਗੁਣਾਂ ਦੀ ਗੱਲ ਕਰਦੀ ਹੈ। ਜੋ ਕਿਸੇ ਖ਼ਾਸ ਧਰਮ, ਜਾਤ ਜਾਂ ਸੰਸਕ੍ਰਿਤੀ ਨਾਲ ਬੱਝੇ ਹੋਏ ਨਹੀਂ ਹਨ, ਸਗੋਂ ਉਹਨਾਂ ਸਾਰੇ ਗੁਣਾਂ ਦਾ ਸਮੂਹ ਹੈ ਜੋ ਵੱਖ-ਵੱਖ ਉਪ-ਪਛਾਣਾਂ ਵਿੱਚੋਂ ਸਾਰਥਕ ਅਤੇ ਉਸਾਰੂ ਤੱਤ ਆਪਣੇ ਵਿੱਚ ਜ਼ਜ਼ਬ ਕਰਦਾ ਹੈ। ਪੰਜਾਬੀਅਤ ਵਿਸ਼ੇਸ਼ ਖਿੱਤੇ ਵਿੱਚ ਰਹਿੰਦੇ ਲੋਕਾਂ ਦੇ ਸਮੂਹਿਕ ਚਿੱਤ ਦਾ ਅਜਿਹਾ ਸਾਂਝਾ ਸੂਤਰ ਹੈ, ਜੋ ਭਾਵਾਤਮਕ ਪੱਧਰ ਤੇ ਸਕਾਰ ਹੁੰਦਾ ਦਿਖਾਈ ਦਿੰਦਾ ਹੈ। ਇਹ ਸੰਕਲਪ ਪੰਜਾਬ ਦੇ ਭੂਗੋਲ, ਸੱਭਿਆਚਾਰ, ਜੀਣ-ਥੀਣ, ਇਤਿਹਾਸ ਅਤੇ ਭਾਸ਼ਾ ਵਿੱਚ ਸਾਂਝੇ ਤੌਰ ਤੇ ਲੱਭਿਆ ਜਾ ਸਕਦਾ ਹੈ। ਪ੍ਰੋ. ਪੂਰਨ ਸਿੰਘ ਦੀ ਕਵਿਤਾ ਪੰਜਾਬੀਅਤ ਦੇ ਵਿਲੱਖਣ ਚਿੰਨ੍ਹਾਂ ਦੀ ਬਾਤ ਪਾਉਂਦੀ ਨਜ਼ਰ ਆਉਂਦੀ ਹੈ।

ਸਮੁੱਚੇ ਖੋਜ-ਵਿਸ਼ਲੇਸ਼ਣ ਤੋਂ ਇਹ ਨਿਸ਼ਕਰਸ਼ ਨਿਕਲਦਾ ਹੈ ਕਿ ਪ੍ਰੋ. ਪੂਰਨ ਸਿੰਘ ਦੀ ਕਵਿਤਾ ਪੰਜਾਬੀਅਤ ਦੇ ਸੰਕਲਪ ਨੂੰ ਇੱਕ ਨਵੀਂ ਦਾਰਸ਼ਨਿਕ ਉਚਾਈ ਅਤੇ ਵਿਆਪਕਤਾ ਪ੍ਰਦਾਨ ਕਰਦੀ ਹੈ। ਉਨ੍ਹਾਂ ਲਈ ਪੰਜਾਬੀਅਤ ਕਿਸੇ ਇੱਕ ਧਰਮ, ਜਾਤ, ਵਰਗ ਜਾਂ ਸੀਮਤ ਭੂਗੋਲਿਕ ਘੇਰੇ ਵਿੱਚ ਬੱਝੀ ਹੋਈ ਰੂੜੀਗਤ ਧਾਰਨਾ ਨਹੀਂ ਹੈ, ਸਗੋਂ ਇਹ ਮਨੁੱਖੀ ਆਜ਼ਾਦੀ, ਅਥਾਹ ਪਿਆਰ ਅਤੇ ਅਣਖ ਨੂੰ ਸਰਵਉੱਚ ਮੰਨਣ ਵਾਲਾ ਇੱਕ ਜੀਵੰਤ ਜੀਵਨ-ਦਰਸ਼ਨ ਹੈ। ਪ੍ਰੋ. ਪੂਰਨ ਸਿੰਘ ਨੇ ਆਪਣੀ ਰਚਨਾਤਮਕ ਪ੍ਰਤਿਭਾ ਰਾਹੀਂ ਪੰਜਾਬ ਦੀ ਕੁਦਰਤੀ ਸੁੰਦਰਤਾ- ਇੱਥੋਂ ਦੇ ਵਗਦੇ ਦਰਿਆਵਾਂ, ਹਿਮਾਲਿਆ ਦੀਆਂ ਬਰਫ਼ਾਨੀ ਚੋਟੀਆਂ- ਅਤੇ ਇੱਥੋਂ ਦੇ ਕਿਰਤੀ ਲੋਕਾਂ ਦੀ ਸਹਿਜ-ਸੁਭਾਅ ਮਾਨਸਿਕਤਾ ਨੂੰ ਗੁਰੂਆਂ ਦੀ ਪ੍ਰਸਿੱਧ 'ਨਾਨਕਤਾ' ਅਤੇ ਉਦਾਰਵਾਦੀ ਵਿਚਾਰਧਾਰਾ ਦੇ ਪ੍ਰਸੰਗ ਵਿੱਚ ਬੜੀ ਖੂਬਸੂਰਤੀ ਨਾਲ ਪਰੋਇਆ ਹੈ। ਉਨ੍ਹਾਂ ਦੀ ਕਵਿਤਾ ਵਿੱਚ ਪੰਜਾਬੀਅਤ ਦਾ ਸੰਕਲਪ 'ਅਨੇਕਤਾ ਵਿੱਚ ਏਕਤਾ' ਦੀ ਉਸ ਸਾਂਝੀ ਵਿਰਾਸਤ ਨੂੰ ਉਜਾਗਰ ਕਰਦਾ ਹੈ, ਜਿੱਥੇ ਹਿੰਦੂ, ਮੁਸਲਮਾਨ ਅਤੇ ਹੋਰ ਭਾਈਚਾਰੇ ਇੱਕੋ ਪੰਜਾਬੀ ਸੱਭਿਆਚਾਰਕ ਧਾਰਾ ਦੇ ਅਨਿੱਖੜਵੇਂ ਹਿੱਸੇ ਵਜੋਂ ਵਿਚਰਦੇ ਹਨ। ਨਿਡਰਤਾ, ਕੁਰਬਾਨੀ, ਅਤੇ ਅਨਿਆਂ ਤੇ ਜਬਰ ਦੇ ਖ਼ਿਲਾਫ਼ 'ਨਾਬਰੀ' (ਵਿਰੋਧ) ਦਾ ਜਜ਼ਬਾ ਪੰਜਾਬੀਅਤ ਦੇ ਉਹ ਮੂਲ ਸਬੰਭ ਹਨ, ਜੋ ਪ੍ਰੋ. ਪੂਰਨ ਸਿੰਘ ਦੇ ਕਾਵਿ-ਸੰਸਾਰ ਵਿੱਚ ਪੂਰੀ ਤਰ੍ਹਾਂ ਪ੍ਰਚੰਡ ਰੂਪ ਵਿੱਚ ਪ੍ਰਗਟ ਹੁੰਦੇ ਹਨ। ਉਨ੍ਹਾਂ ਦਾ ਕਾਵਿ-ਪ੍ਰਬੰਧ ਪੰਜਾਬੀਅਤ ਨੂੰ ਕੇਵਲ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੱਕ ਸੀਮਤ ਨਹੀਂ ਰੱਖਦਾ, ਸਗੋਂ ਇਸ ਨੂੰ ਇੱਕ ਅਜਿਹੇ ਜਿਉਂਦੇ-ਜਾਗਦੇ ਸੱਭਿਆਚਾਰਕ ਚਿੰਤਨ ਵਜੋਂ ਸਥਾਪਿਤ ਕਰਦਾ ਹੈ, ਜੋ ਸਮੇਂ ਦੇ ਹਰ ਪੜਾਅ 'ਤੇ ਮਾਨਵੀ ਕਦਰਾਂ-ਕੀਮਤਾਂ ਦੀ ਰਾਖੀ ਕਰਨ ਦੇ ਸਮਰੱਥ ਹੈ।

ਸਿੱਟੇ ਵਜੋਂ, ਇਹ ਸਪੱਸ਼ਟ ਹੁੰਦਾ ਹੈ ਕਿ ਪ੍ਰੋ. ਪੂਰਨ ਸਿੰਘ ਦੀ ਕਵਿਤਾ ਵਿੱਚ ਪੰਜਾਬੀਅਤ ਦਾ ਅਰਥ ਕੇਵਲ ਪੰਜਾਬੀ ਹੋਣਾ ਹੀ ਨਹੀਂ, ਸਗੋਂ ਇੱਕ 'ਉੱਚਾ-ਸੁੱਚਾ ਮਨੁੱਖ' ਹੋਣਾ ਹੈ। ਉਨ੍ਹਾਂ ਦੀ ਦ੍ਰਿਸ਼ਟੀ ਵਿੱਚ ਪੰਜਾਬੀਅਤ ਇੱਕ ਅਜਿਹਾ ਅਧਿਆਤਮਕ ਅਤੇ ਸਮਾਜਿਕ ਅਨੁਭਵ ਹੈ ਜੋ ਵਿਸ਼ਵੀਕਰਨ ਦੇ ਅਜੋਕੇ ਦੌਰ ਵਿੱਚ ਵੀ ਮਨੁੱਖ ਨੂੰ ਆਪਣੀਆਂ ਜੜ੍ਹਾਂ ਨਾਲ ਜੋੜ ਕੇ ਰੱਖਦਾ ਹੈ ਅਤੇ ਸਦਭਾਵਨਾ, ਕਿਰਤ-ਸਤਿਕਾਰ ਅਤੇ ਮਾਨਵੀ ਕਲਿਆਣ ਦਾ ਮਾਰਗ ਦਰਸਾਉਂਦਾ ਹੈ। ਇਸ ਤਰ੍ਹਾਂ, ਪ੍ਰੋ. ਪੂਰਨ ਸਿੰਘ ਦੀ ਕਵਿਤਾ ਪੰਜਾਬੀਅਤ ਦੇ ਸੰਕਲਪ ਨੂੰ ਨਾ ਕੇਵਲ ਨਵੇਂ ਅਰਥ ਦਿੰਦੀ ਹੈ, ਸਗੋਂ ਇਸ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਪ੍ਰੇਰਨਾਦਾਇਕ ਵਿਰਾਸਤ ਵਜੋਂ ਸੁਰੱਖਿਅਤ ਵੀ ਕਰਦੀ ਹੈ।

## ਹਵਾਲੇ ਅਤੇ ਟਿੱਪਣੀਆ


1. *ਚੰਦਨ, ਅਮਰਜੀਤ, ਦੁੱਧ ਵਿੱਚ ਕਾਂਜੀ, ਸੱਚਲ ਪ੍ਰਕਾਸ਼ਨ ਅਮ੍ਰਿਤਸਰ, 2024, ਪੰਨਾ: 31*
2. *ਸੁਰਤਿ, ਪੰਜਾਬੀ ਅਕਾਦਮੀ ਅਮ੍ਰਿਤਸਰ, ਪ੍ਰਥਮ ਅੰਕ, ਬਸੰਤ 2024, ਪੰਨਾ: 43*
3. *ਆਹਲੂਵਾਲੀਆ, ਜਸਵੀਰ ਸਿੰਘ, ਕਾਵਿ ਸ਼ਾਸਤਰ, ਜਨਵਰੀ ਅਪ੍ਰੈਲ 2019, ਅੰਕ 14, ਪੰਨਾ: 31*
4. *ਧਨਵੰਤ ਕੌਰ (ਸੰਪਾ.), ਪੰਜਾਬੀਅਤ: ਸੰਕਲਪ ਤੇ ਸਰੂਪ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ: 28*
5. *ਪ੍ਰੋ. ਪੂਰਨ ਸਿੰਘ, ਖੁੱਲੇ ਮੈਦਾਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ: 722*
6. *ਉਹੀ, ਪੰਨਾ: 1*
7. *ਉਹੀ, ਪੰਨਾ: 44*
8. *ਦਵੇਸ਼ਵਰ, ਸੁਰਿੰਦਰ ਕੁਮਾਰ, ਸ਼ਬਦ ਬੂੰਦ, ਹਰਿਆਣਾ ਸਾਹਿਤ ਅਤੇ ਸੰਸਕ੍ਰਿਤੀ ਅਕਾਦਮੀ, ਅਪ੍ਰੈਲ ਜੂਨ 2023, ਪੰਨਾ: 53*
9. *ਖੁੱਲੇ ਮੈਦਾਨ, ਪੰਨਾ: 91*
10. *ਉਹੀ, ਪੰਨਾ: 91*
11. *ਧਨਵੰਤ ਕੌਰ (ਸੰਪਾ.), ਪੰਜਾਬੀਅਤ: ਸੰਕਲਪ ਤੇ ਸਰੂਪ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ: 30*



## Cite this Article-

*ਅੰਮ੍ਰਿਤਪਾਲ ਸਿੰਘ (Amritpal singh), ਪ੍ਰੋ. ਪੂਰਨ ਸਿੰਘ ਦੀ ਕਵਿਤਾ ਵਿੱਚ ਪੰਜਾਬੀਅਤ ਦਾ ਸੰਕਲਪ (Prof. Puran Singh Di Kavita Vich Punjabiyat Da Sankalp), ਅਰਮਾਨ (ARMAAN), ISSN: 2583-9446 (O), Volume- 4, Issue- 2, April-June 2026, Page: 154-157.*

*Journal URL: www.armaan.org.in*

*DOI: https://doi.org/10.64119/armaan.vol.4.issue2.27*



*This article is an open access article published under the terms and conditions of the Creative Commons Attribution (CC BY-NC 4.0) license. https://creativecommons.org/licenses/by-nc/4.0/*